

ਟਰਾਂਸ ਜੈਂਡਰ ਕਵੀ ਸਾਹਿਤ ਅਕਾਦਮੀ ਦੇ ਅਧਿਕਾਰੀਆਂ ਨਾਲ ਸਾਂਝੀ ਫੋਟੋ ਖਿਚਵਾਉਂਦੇ ਹੋਏ।

# ਸਾਹਿਤ ਅਕਾਦਮੀ ਨੇ ਕਰਵਾਇਆ ਆਲ ਇੰਡੀਆ ਟਰਾਂਸ-ਜੈਂਡਰ ਕਵੀ ਸੰਮੇਲਨ

ਨਵੀਂ ਦਿੱਲੀ, 15 ਮਾਰਚ (ਬਲਵਿੰਦਰ ਸਿੰਘ ਸੋਢੀ)- ਸਾਹਿਤ ਅਕਾਦਮੀ ਵਲੋਂ ਆਪਣੇ ਸਾਲਾਨਾ ਫੈਸਟੀਵਲ ਆਫ਼ ਲੈਟਰਸ 'ਚ ਆਲ ਇੰਡੀਆ ਟਰਾਂਸ-ਜੈਂਡਰ ਕਵੀ ਸੰਮੇਲਨ ਕਰਵਾਇਆ ਗਿਆ। ਜਿਸ ਉਦਘਾਟਨ ਉੱਘੇ ਗੁਜਰਾਤੀ ਹਿਤਕਾਰ ਵਿਨੋਦ ਜੋਸ਼ ਨੇ ਕੀਤਾ ਤੇ ਪ੍ਰਧਾਨਗੀ ਸਾਹਿਤ ਅਕਾਦਮੀ ਪ੍ਰਧਾਨ ਚੰਦਰ ਸ਼ੇਖਰ ਕੰਬਾਰ ਨੇ ਕੀਤੀ। ਸਾਹਿਤ ਅਕਾਦਮੀ ਦੇ ਸਕੱਤਰ ਸ੍ਰੀ ਨਿਵਾਸ ਰਾਓ ਨੇ ਕਵੀ ਸੰਮੇਲਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਹਿਤ ਅਕਾਦਮੀ ਟਰਾਂਸ-ਜੈਂਡਰ ਭਾਈਚਾਰੇ ਦੇ ਸਾਹਿਤ ਵੱਲ ਵੀ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸਾਹਿਤ ਅਕਾਦਮੀ ਛੇਤੀ ਹੀ ਇਸ ਭਾਈਚਾਰੇ ਦੇ ਲੇਖਕਾਂ ਦਾ ਸਾਰਕ ਸਿਖਰ ਸੰਮੇਲਨ ਕਰਨ ਬਾਰੇ ਵਿਚਾਰ ਕਰ ਰਹੀ ਹੈ, ਜੋ ਸ਼ੁਰੂ 'ਚ ਵਰਚੁਅਲ ਮੋਡ 'ਤੇ ਹੋਵੇਗਾ ਅਤੇ ਹੌਲੀ-ਹੌਲੀ ਰੈਗੂਲਰ ਪ੍ਰੋਗਰਾਮ ਦਾ ਹਿੱਸਾ ਬਣਾ ਦਿੱਤਾ ਜਾਵੇਗਾ। ਕਵੀ ਸੰਮੇਲਨ 'ਚ ਪਾਰਥਾਸਾਰਥੀ ਮਜੂਮਦਾਰ, ਮਰਤਿਕਾ, ਪਾਇਲਾ ਰਾਠਵਾ, ਰੇਸ਼ਮਾ ਪ੍ਰਸਾਦ, ਧੰਨਜੇ ਚੌਹਾਨ, ਰਵੀਨਾ ਬਾਰਿਹਾ, ਰਿਤਵਿਕ ਚੱਕਰਵਤੀ, ਮੀਰਾ ਪਰਿਡਾ, ਸਾਧਨਾ ਮਿਸ਼ਰਾ, ਦਿਸ਼ਾ ਸ਼ੇਖ, ਕਲਿਕ ਸੁਬਰਾਮਨੀਅਮ, ਵਿਜੈ ਰਾਜ ਮਲਿਕਾ ਤੇ ਮਨੀਸ਼ਾ ਮਹੰਤ ਆਦਿ ਨੇ ਆਪੋ-ਆਪਣੀਆਂ ਕਵਿਤਾਵਾਂ ਸੁਣਾਈਆਂ। ਇਨ੍ਹਾਂ ਕਵੀਆਂ ਨੇ ਵੱਖ-ਵੱਖ ਭਾਸ਼ਾਵਾਂ 'ਚ ਕਵਿਤਾਵਾਂ ਸੁਣਾਈਆਂ। ਇਨ੍ਹਾਂ ਸਾਰੇ ਕਵੀਆਂ ਦੀ ਸੰਵੇਦਨਾ ਸਾਂਝੀ ਸੀ, ਜਿਸ ਨੂੰ ਸੁਣ ਕੇ ਸਰੋਤਿਆ ਦੀਆਂ ਅੱਖਾਂ ਨਮ ਹੋ ਗਈਆਂ।